# ਆਪਣੇ ਹੱਕ ਜਾਣੋ

## ਜੇ ਤੁਹਾਨੂੰ ਪੁਲਿਸ ਐਫ ਬੀ ਆਈ, ਆਈ ਐਨ ਐਸ ਜਾਂ ਕਸਟਮ ਸਰਵਿਸ ਦੇ ਅਧਿਕਾਰੀ ਰੋਕਣ ਜਾਂ ਡਰਾਉਣ , ਤਾਂ ਤੁਹਾਨੂ ਕੀ ਕਰਨਾ ਚਾਹੀਦਾ ਹੈ ।

ACLU

*ਏ ਸੀ ਐਲ ਯੂ ਨੇ ਛਪਵਾਈ*
ਅਮਰੀਕਨ ਸਿਵਲ ਲਿਬਰਟੀ ਯੂਨੀਅਨ
125 ਬਰਾਡ ਸਟਰੀਟ
ਨਿਓਯਾਰਕ, ਨਿਓਯਾਰਕ 10004
www.aclu.org

*ਵੱਲੋਂ ਵੰਡਿਆ ਗਿਆ*

# ਆਪਣੇ ਹੱਕ ਪਛਾਣੋ

ਅਸੀਂ ਇਹ ਇਸ ਲਈ ਲਿਖ ਰਹੇ ਹਾਂ ਕਿ ਜੇ ਤੁਹਾਨੂੰ ਸਰਕਾਰ ਦਾ ਕੋਈ ਪ੍ਰਤੀਨਿੱਧ ਪੁੱਛਗਿੱਛ ਕਰਦਾ ਹੈ ਤਾਂ ਤੁਹਾਨੂੰ ਆਪਣੇ ਹੱਕਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ । ਜੇ ਤੁਹਾਨੂੰ ਪੁਲਿਸ, ਐਫ ਬੀ ਆਈ ਜਾਂ ਆਈ ਐਨ ਐਸ ( ਇਮੀਗ੍ਰੇਸ਼ਨ ਵਿਭਾਗ ) ਦਾ ਕੋਈ ਅਧਿਕਾਰੀ ਕੁੱਝ ਪੁੱਛਦਾ ਹੈ ਤਾਂ ਤੁਹਾਨੂੰ ਸੋਚ ਸਮਝ ਕੇ ਬਾਤਚੀਤ ਕਰਨੀ ਚਾਹੀਦੀ ਹੈ । ਉੱਨ੍ਹਾਂ ਦੇ ਸਵਾਲਾਂ ਦਾ ਜਵਾਬ ਦੇਣ ਤੋਂ ਪਹਿਲਾਂ ਤੁਹਾਨੂੰ ਆਪਣੇ ਕਿਸੇ ਵਕੀਲ ਨਾਲ ਬਾਤਚੀਤ ਕਰ ਲੈਣੀ ਚਾਹੀਦੀ ਹੈ । ਕਿਉਂਕਿ ਤੁਹਾਡੀ ਵਲੋਂ ਦੱਸੀਆਂ ਗਈਆਂ  ਗੱਲਾਂ ਕ੍ਰਿਮੀਨਲ, ਇਮੀਗ੍ਰੇਸ਼ਨ, ਜਾਂ ਸਿਵਲ ਕੇਸ ਵਿਚ ਤੁਹਾਡੇ ਵਿਰੁੱਧ ਵਰਤੀਆਂ ਜਾ ਸਕਦੀਆਂ ਹਨ । ਜਿਹੜੇ ਲੋਕ ਇਥੋਂ ਦੇ ਸਿਟੀਜ਼ਨ ਨਹੀਂ, ਉਨ੍ਹਾਂ ਦੀਆਂ ਵਿਸ਼ੇਸ਼ ਕਾਨੂੰਨੀ ਲੋੜਾਂ ਹਨ, ਜਿਨ੍ਹਾਂ ਬਾਰੇ ਅਸੀਂ ਇਥੇ ਜ਼ਿਕਰ ਕਰਾਂਗੇ । ਪਰ ਇਹ ਗੱਲਾਂ ਜਾਨਣ ਦਾ ਇਹ ਅਰਥ ਵੀ ਨਹੀਂ ਕਿ ਤੁਸੀਂ ਸਰਕਾਰੀ ਅਧਿਕਾਰੀਆਂ ਨੂੰ ਤਫਤੀਸ਼ ਦੌਰਾਨ ਸਹਿਯੋਗ ਨਾ ਦੇਵੋ । ਭਾਗ / ਸਿਟੀਜ਼ਨਾਂ ਅਤੇ ਨਾਨ-ਸਿਟੀਜ਼ਨਾਂ ਲਈ ਹੈ, ਬਸ਼ਰਤੇ ਕਿ ਕੁਝ ਹੋਰ ਕਿਹਾ ਹੈ । ਭਾਗ 2 ਨਾਨ-ਸਿਟੀਜ਼ਨਾਂ ਲਈ ਹੈ ।

## 1. ਸੰਵਿਧਾਨ ਵਿਚ ਮੇਰੇ ਕੀ ਹੱਕ ਹਨ?

**ਚੁੱਪ ਰਹਿਣ ਦਾ ਅਧਿਕਾਰ :** ਅਮਰੀਕਾ ਦੇ ਸੰਵਿਧਾਨ ਵਿਚ ਪੰਜਵੀ ਸੋਧ ( ਫਿਫਥ ਅਮੈਂਡਮੈਂਟ ) ਵਿਚ ਦਰਜ ਹੈ ਕਿ ਸਰਕਾਰੀ ਪ੍ਰਤੀਨਿੱਧ ਵਲੋਂ ਪੁੱਛੇ ਗਏ ਸਵਾਲਾਂ ਦਾ ਜਵਾਬ ਨਾ ਦੇਣ ਦਾ ਹਰੇਕ ਨੂੰ ਹੱਕ ਹੈ । ਉਹ ਤੁਹਾਨੂੰ ਸਵਾਲ ਪੁੱਛ ਸਕਦੇ ਹਨ ਪਰ ਤੁਹਾਨੂੰ ਮਹਿਜ਼ ਇਸ ਲਈ ਗ੍ਰਿਫਤਾਰ ਨਹੀਂ ਕਰ ਸਕਦੇ ਕਿ ਤੁਸੀ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ। ਪਰ ਜੇ ਤੁਸੀਂ ਜਵਾਬ ਨਹੀਂ ਦਿੰਦੇ ਤਾਂ ਪੁਲਿਸ ਜਾਂ ਐਫ ਬੀ ਆਈ ਤੁਹਾਡੇ ਤੇ ਸ਼ੰਕਾ ਜ਼ਰੂਰ ਕਰ ਸਕਦੀ ਹੈ।

**ਅਨੁਚਿਤ ਤਲਾਸ਼ੀ ਅਤੇ ਪਕੜ ਤੋਂ ਮੁਕੱਤ ਰਹਿਨ ਦਾ ਅਧਿਕਾਰ :** ਸੰਵਿਧਾਨ ਦੀ ਚੌਥੀ ਸੋਧ ਤੁਹਾਡੀ ਪ੍ਰਾਈਵੇਸੀ ਯਕੀਨੀ ਬਣਾਉਂਦੀ ਹੈ । ਵਾਰੰਟ ਤੋਂ ਬਗੈਰ ਕੋਈ ਵੀ ਸਰਕਾਰੀ ਪ੍ਰਤੀਨਿਧ ਤੁਹਾਡੇ ਘਰ ਜਾਂ ਤੁਹਾਡੇ ਦਫਤਰ ਦੀ ਤਲਾਸ਼ੀ ਤੁਹਾਡੀ ਰਜ਼ਾਮੰਦੀ ਤੋ ਬਗੈਰ ਨਹੀਂ ਲੈ ਸਕਦਾ । ਤੁਹਾਨੂੰ ਉਸਨੂੰ ਅੰਦਰ ਆਉਣ ਤੋਂ ਰੋਕ ਦੇਣ ਦਾ ਅਧਿਕਾਰ ਹੈ । ਪਰ ਐਮਰਜੈਂਸੀ ਦੀ ਹਾਲਤ ਵਿਚ (ਜਿਵੇਂ ਕਿ ਕੋਈ ਅੰਦਰੋਂ ਸਹਾਇਤਾ ਲਈ ਪੁਕਾਰ ਰਿਹਾ ਹੋਵੇ) ਸਰਕਾਰੀ ਪ੍ਰਤੀਨਿਧ ਬਿਨਾਂ ਵਾਰੰਟ ਤੋ ਅੰਦਰ ਦਾਖਲ ਹੋ ਸਕਦਾ ਹੈ ਅਤੇ ਤਲਾਸ਼ੀ ਲੈ ਸਕਦਾ ਹੈ । ਜੇ ਤੁਹਾਨੂੰ ਤੁਹਾਡੇ ਘਰ ਦੇ ਅੰਦਰੋਂ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਅਧਿਕਾਰੀ ਤੁਹਾਡੇ ਨੇੜ ਦੀ ਤਲਾਸ਼ੀ ਲੈ ਸਕਦਾ ਹੈ, ਭਾਵ ਜਿਸ ਕਮਰੇ ਚੋਂ ਗ੍ਰਿਫ਼ਤਾਰ ਕੀਤਾ ਗਿਆ ਹੋਵੇ, ਉਸ ਕਮਰੇ ਦੀ ਤਲਾਸ਼ੀ । ਇਸ ਗੱਲ ਤੋ ਸੁਚੇਤ ਰਹੋ ਕਿ ਤੁਹਾਡੀ ਜਾਣਕਾਰੀ ਤੋ ਬਗੈਰ ਵੀ ਸਰਕਾਰ ਤੁਹਾਡੀ ਡਾਕ, ਈ-ਮੇਲ, ਸੈਲ ਫੋਨ ਜਾਂ ਟੇਲੀਫੋਨ ਕਾਲਾਂ ਤੇ ਨਜ਼ਰ ਰੱਖ ਸਕਦੀ ਹੈ ।

**ਕਿਸੇ ਤਬਦੀਲੀ ਦੇ ਹੱਕ ਵਿਚ ਬੋਲਣ ਦਾ ਅਧਿਕਾਰ :** ਪਹਿਲੀ ਸੋਧ ਅਜੇਹੇ ਗਰੁੱਪ ਜਾਂ ਸ਼ਖਸ਼ਾਂ ਦੀ ਰਖਿਆ ਕਰਦੀ ਹੈ ਜਿਹੜੇ ਸ਼ਾਂਤਮਈ ਢੰਗ ਨਾਲ ਆਪਣੇ ਅਧਿਕਾਰਾਂ ਦੇ ਹੱਕ ਵਿਚ ਆਵਾਜ਼ ਉਠਾਉਂਦੇ ਹਨ ਜਾਂ ਸਰਕਾਰ ਦੀ ਕਿਸੇ ਨੀਤੀ ਦਾ ਵਿਰੋਧ ਕਰਦੇ ਹਨ । ਪਰ ਸੁਪਰੀਮ ਕੋਰਟ ਦਾ ਕਹਿਣਾਂ ਹੈ ਕਿ ਇਮੀਗਰੇਸ਼ਨ ਮਹਿਕਮਾ ਉਨ੍ਹਾਂ ਕੁਝ ਲੋਕਾਂ ਨੂੰ, ਜਿਹੜੇ ਇਥੋਂ ਦੇ ਸਿਟੀਜ਼ਨ ਨਹੀਂ, ਪਹਿਲੀ ਸੋਧ ਅਧੀਨ ਆਈਆਂ ਸਰਗਰਮੀਆਂ ਵਿਚ ਹਿੱਸਾ ਲੈਣ ਤੇ ਡਿਪੋਰਟ ਕਰ ਸਕਦਾ ਹੈ । ਬਸ਼ਰਤੇ ਕਿ ਉਨ੍ਹਾਂ ਨੂੰ ਹੋਰ ਕਿਸੇ ਕਾਰਨ ਕਰਕੇ ਵੀ ਡਿਪੋਰਟ ਕੀਤਾ ਜਾ ਸਕਦਾ ਹੋਵੇ । ਇਸਦਾ ਭਾਵ ਇਹ ਹੈ ਕਿ ਇਮੀਗਰੇਸ਼ਨ ਵਿਭਾਗ ਓਸ ਸ਼ਖਸ ਨੂੰ ਡਿਪੋਰਟ ਕਰ ਸਕਦਾ ਹੈ ਜਿਸਦੇ ਵੀਜ਼ੇ ਦੀ ਮਿਆਦ ਮੁੱਕ ਚੁੱਕੀ ਹੋਵੇ ਤੇ ਜਿਸਦੇ ਸ਼ਬਦ ਜਾਂ ਖਿਆਲ ਜਾਂ ਉਸਦਾ ਕਿਸੇ ਗਰੁਪਾਂ ਜਾਂ ਵਿਅੱਕਤੀਆਂ ਨਾਲ ਮੇਲਜੋਲ ਚੰਗਾ ਨਾ ਲੱਗੇ ।

## 2. ਜੇ ਪੁਲਿੱਸ ਜਾਂ ਐਫ ਬੀ ਆਈ ਮੈਨੂੰ ਸੰਪਰਕ ਕਰਦੀ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

**ਸ: ਜੇ ਕੋਈ ਪ੍ਰਤੀਨਿੱਧ ਮੈਨੂੰ ਪੁੱਛਗਿੱਛ ਕਰਨ ਆਉਂਦਾ ਹੈ ?**
**ਜ:** ਤੂਹਾਨੂੰ ਚੁੱਪ ਰਹਿਣ ਦਾ ਅਧਿਕਾਰ ਹੈ । ਸਵਾਲਾਂ ਦਾ ਜਵਾਬ ਨਾ ਦੇਣਾ ਜੁਰਮ ਨਹੀਂ ਹੈ, ਪਰ ਇਨਕਾਰ ਕਰਕੇ ਤੁਸੀਂ ਅਪਣੇ ਬਾਰੇ ਪੁਲਿਸ ਨੂੰ ਸ਼ੱਕ ਵਿਚ ਪਾ ਰਹੇ ਹੋ । ਬਾਜ਼ਾਰ ਵਿੱਚ ਅਪਣੀ ਸ਼ਨਾਖਤ ਨ ਦੱਸਣ ਤੇ ਤੁਸੀਂ ਜੁਰਮ ਨਹੀਂ ਕਰ ਰਹੇ, ਪਰ ਜਦ ਤੁਸੀਂ ਕੋਈ ਗੱਡੀ ਚਲਾ ਰਹੇ ਹੋ, ਤੁਹਾਨੂੰ ਲਾਇਸੈਂਸ ਅਤੇ ਰਜਿਸਟਰੇਸ਼ਨ ਵਖਾਉਣੇ ਜਰੂਰੀ ਬਣਦੇ ਹਨ । ਭਾਂਵੇ ਤੁਸੀ ਗਰਿਫਤਾਰ ਹੋਕੇ ਜੇਲ ਵਿੱਚ ਹੋ, ਤੁਹਾਡਾ ਕਿਸੇ ਨਾਲ ਗਲਬਾਤ ਕਰਨਾਂ ਜ਼ਰੂਰੀ ਨਹੀਂ ਖਾਸ ਕਰਕੇ ਬਿਨਾਂ ਤੁਹਾਡੇ ਵਕੀਲ ਦੀ ਮੌਜੂਦਗੀ ਦੇ । ਸਿਰਫ ਜੱਜ ਹੀ ਤੁਹਾਨੂੰ ਸਵਾਲਾਂ ਦੇ ਜਵਾਬ ਦੇਣ ਦਾ ਹੁਕਮ ਕਰ ਸਕਦਾ ਹੈ ।

**ਸ: ਕੀ ਸਰਕਾਰੀ ਪ੍ਰਤੀਨਿੱਧ ਮੇਰੇ ਘਰ, ਅਪਾਰਟਮੈਂਟ ਜਾਂ ਦਫਤਰ ਦੀ ਤਲਾਸ਼ੀ ਲੈ ਸਕਦੇ ਹਨ?**
**ਜ:** ਪੁਲਿਸ ਜਾਂ ਹੋਰ ਕਾਨੂੰਨੀ ਅਧਿਕਾਰੀ ਤੁਹਾਡੀ ਸਹਿਮਤੀ ਦੇ ਬਿਨਾਂ ਜਾਂ ਤਲਾਸ਼ੀ ਦੇ ਵਾਰੰਟ ਦੇ ਬਿਨਾਂ ਤੁਹਾਡੇ ਘਰ ਦੀ ਤਲਾਸ਼ੀ ਨਹੀਂ ਲੈ ਸਕਦੇ । ਤਲਾਸ਼ੀ ਵਿਚ ਦਖਲ ਦੇਣਾ ਤਲਾਸ਼ੀ ਨੂੰ ਰੋਕ ਤਾਂ ਨਹੀਂ ਸਕਦਾ ਪਰ ਤੁਹਾਨੂੰ ਦਖਲ ਦੇ ਇਲਜ਼ਾਮ ਵਿਚ ਗ੍ਰਿਫਤਾਰ ਕਰਵਾ ਸਕਦਾ ਹੈ । ਇੱਹ ਸੱਚ ਹੈ ਭਾਂਵੇ ਤਲਾਸ਼ੀ ਗ਼ੈਰਕਾਨੂੰਨੀ ਵੀ ਕਿਓਂ ਨਾਂ ਹੋਵੇ । ਤੁਹਾਡੇ ਕਮਰੇ ਵਿਚ ਨਾਲ ਰਹਿਣ ਵਾਲਾ ਜਾਂ ਤੁਹਾਡਾ ਮਹਿਮਾਨ ਕਾਨੂੰਨੀ ਤੌਰ ਤੇ ਤਲਾਸ਼ੀ ਦੀ ਸਹਿਮਤੀ ਦੇ ਸਕਦਾ ਹੈ ਜੇਕਰ ਪੁਲਿਸ ਦੀ ਮਾਨਤਾ ਹੋਵੇ ਕਿ ਉਸ ਬੰਦੇ ਨੂੰ ਸਹਿਮਤੀ ਦੇਣ ਦਾ ਹੱਕ ਹੈ । ਪੁਲਿਸ ਜਾਂ ਕਾਨੂੰਨੀ ਅਧਿਕਾਰੀ ਨੂੰ ਦਫਤਰ ਦੀ ਤਲਾਸ਼ੀ ਲਈ ਵਾਰੰਟ ਦੀ ਲੋੜ ਹੈ, ਪਰ ਤੁਹਾਡੀ ਕੰਮ ਵਾਲੀ ਥਾਂ ਦਾ ਮਾਲਿਕ ਤੁਹਾਡੀ ਕੰਮ ਦੀ ਜਗ੍ਹਾ ਦੀ ਤਲਾਸ਼ੀ ਦੀ ਸਹਿਮਤੀ ਤੁਹਾਨੂੰ ਪੁੱਛੇ ਬਗੈਰ ਦੇ ਸਕਦਾ ਹੈ ।

**ਸ: ਜੇ ਸਰਕਾਰੀ ਪ੍ਰਤੀਨਿਧ ਮੈਨੂੰ ਮੇਰੇ ਘਰੋਂ ਗ੍ਰਿਫਤਾਰ ਕਰਦੇ ਹਨ, ਕੀ ਓਹ ਮੇਰੇ ਘਰ ਦੀ ਤਲਾਸ਼ੀ ਲੇ ਸਕਦੇ ਹਨ?**
**ਜ:** ਜਿਥੋਂ ਤੁਹਾਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ, ਓਸਦੇ ਨੇੜੇ ਤੇੜੇ ਦੀ ਤਲਾਸ਼ੀ ਉਹ ਬਿਨ੍ਹਾਂ ਵਾਰੰਟ ਦੇ ਲੈ ਸਕਦੇ ਹਨ । ਪਰ ਤੁਹਾਡੇ ਪੂਰੇ ਘਰ ਦੀ ਤਲਾਸ਼ੀ ਓਹ ਨਹੀਂ ਲੈ ਸਕਦੇ ਜਦ ਤੀਕ ਕਿ ਓਨ੍ਹਾਂ ਕੋਲ ਅਜੇਹਾ ਵਾਰੰਟ ਨਹੀ ਜਿਸ ਵਿਚ ਤਲਾਸ਼ੀ ਵਾਲੀ ਜਗ੍ਹਾ ਤੇ ਬੰਦਿਆਂ ਅਤੇ ਵਸਤਾਂ ਨੂੰ ਕਬਜ਼ੇ ਵਿਚ ਲੈਣ ਦਾ ਵੇਰਵਾ ਨਾ ਹੋਵੇ ।

**ਸ: ਜੇ ਪ੍ਰਤੀਨਿਧ ਕੋਲ ਤਲਾਸ਼ੀ ਦਾ ਵਾਰੰਟ ਹੋਵੇ ?**
**ਜ:** ਤੁਹਾਨੂੰ ਵਾਰੰਟ ਵੇਖਣ ਦਾ ਹੱਕ ਹੈ । ਵਾਰੰਟ ਵਿੱਚ ਤਲਾਸ਼ੀ ਦੀ ਜਗ੍ਹਾ ਦਾ, ਤੇ ਕਿਹੜੀ ਚੀਜ਼ ਜਾਂ ਬੰਦੇ ਨੂ ਹੱਥ ਵਿਚ ਲੈਣਾ ਹੈ, ਓਸਦਾ ਵੇਰਵਾ ਹੋਣਾ ਚਾਹੀਦਾ ਹੈ । ਜੇ ਪੁਲਿਸ ਕੋਲ ਵਾਰੰਟ ਹੈ ਤਾਂ ਤੁਸੀਂ ਓਸਨੂੰ ਅੰਦਰ ਆਉਣ ਤੇ ਤਲਾਸ਼ੀ ਕਰਨ ਤੋਂ ਨਹੀਂ ਰੋਕ ਸਕਦੇ । ਪਰ ਤੁਸੀਂ ਇਹ ਕਹਿ ਸਕਦੇ ਹੋ ਅਤੇ ਕਹਿਨਾ ਚਾਹੀਦਾ ਹੈ ਕਿ ਤਲਾਸ਼ੀ ਵਿਚ ਤੁਹਾਡੀ ਸਹਿਮਤੀ ਨਹੀਂ । ਇਸ ਨਾਲ ਓਹ ਵਾਰੰਟ ਦੇ ਅਧਿਕਾਰ ਦੀ ਹੱਦ ਵਿੱਚ ਰਹਿਣਗੇ । ਤੁਸੀਂ ਤਲਾਸ਼ੀ ਨੂ ਅੱਖੀਂ ਵੇਖਣ ਲਈ ਵੀ ਕਹਿ ਸਕਦੇ ਹੋ । ਤੁਹਾਨੂੰ ਤਲਾਸ਼ੀ ਲੈਣ ਵਾਲੇ ਅਧਿਕਾਰੀਆਂ ਦੇ ਨਾਂ, ਬੈਜ ਨੰਬਰ, ਤੇ ਏਜੈਂਸੀ ਦਾ ਨਾਂ ਨੋਟ ਕਰਨਾ ਚਾਹੀਦਾ ਹੈ । ਜੇਕਰ ਹੋਰ ਲੋਕ ਮੌਜੂਦ ਹੋਣ ਤਾਂ ਓਨ੍ਹਾਂ ਨੂ ਗਵਾਹ ਬਣਾ ਲੈਣਾ ਚਾਹੀ ਦਾ ਹੈ । ਆਪਣੇ ਅਤੇ ਗਵਾਹਾਂ ਵਲੋਂ ਜਾਣਕਾਰੀ ਅਪਣੇ ਵਕੀਲ ਨੂੰ ਦਿਉ ।

**ਸ: ਜੇ ਪੁਲਿਸ ਕੋਲ ਮੇਰੀ ਤਲਾਸ਼ੀ ਦੇ ਵਾਰੰਟ ਹੋਣ ਤਾਂ ਕੀ ਮੈਨੂੰ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ?**
**ਜ:** ਨਹੀਂ । ਤੁਹਾਨੂੰ ਤਲਾਸ਼ੀ ਦੇ ਦੌਰਾਨ ਜਾਂ ਤਲਾਸ਼ੀ ਦੇ ਪਿਛੋਂ ਸਵਾਲ ਪੁੱਛੇ ਜਾ ਸਕਦੇ ਹਨ ਪਰ ਤਲਾਸ਼ੀ ਦੇ ਵਾਰੰਟ ਦਾ ਇੱਹ ਮਤਲਬ ਨਹੀਂ ਕਿ ਤੁਸੀਂ ਜਵਾਬ ਜ਼ਰੂਰੀ ਦੇਣਾ ਹੈ ।

**ਸ: ਜੇਕਰ ਪ੍ਰਤੀਨਿਧ ਕੋਲ ਤਲਾਸ਼ੀ ਦੇ ਵਾਰੰਟ ਨਾ ਹੋਣ ਤਾਂ ?**
**ਜ:** ਤੁਸੀਂ ਪੁਲਿਸ ਨੂੰ ਘਰ ਦੀ ਤਲਾਸ਼ੀ ਤੋਂ ਮਨ੍ਹਾਂ ਕਰ ਸਕਦੇ ਹੋ ਅਤੇ ਓਨ੍ਹਾਂ ਦੇ ਸਵਾਲਾਂ ਦਾ ਜਵਾਬ ਦੇਣ ਦੀ ਕੋਈ ਪਾਬੰਦੀ ਨਹੀ । ਤੁਹਾਡਾ ਸਵਾਲਾਂ ਦੇ ਜਵਾਬ ਦੇਣ ਤੋਂ ਇਨਕਾਰ ਅਤੇ ਬਿਨਾ ਤਲਾਸ਼ੀ ਵਾਰੰਟ ਦੇ ਤਲਾਸ਼ੀ ਮਨ੍ਹਾਂ ਕਰਨਾ ਪੁਲਿਸ ਲਈ ਤੁਹਾਡੀ ਗ੍ਰਿਫਤਾਰੀ ਜਾਂ ਤੁਹਾਡੇ ਘਰ ਦੀ ਤਲਾਸ਼ੀ ਲਈ ਵਾਰੰਟ ਹਾਸਿਲ ਕਰਨ ਦਾ ਆਧਾਰ ਨਹੀਂ ਬਣ ਸਕਦਾ ।

**ਸ: ਜੇਕਰ ਪ੍ਰਤੀਨਿਧ ਕੋਲ ਤਲਾਸ਼ੀ ਵਾਰੰਟ ਨਾ ਹੋਵੇ, ਪਰ ਓਹ ਮੇਰੇ ਇਤਰਾਜ਼ ਦੇ ਬਾਵਜੂਦ ਮੇਰੇ ਘਰ ਦੀ ਤਲਾਸ਼ੀ ਲਈ ਜੋਰ ਪਾਵੇ ਤਾਂ ?**
**ਜ:** ਤੁਸੀ ਸਰੀਰਕ ਤੌਰ ਤੇ ਦਖਲਅੰਦਾਜ਼ੀ ਨਾ ਕਰੋ, ਤਲਾਸ਼ੀ ਲੈਣ ਤੋਂ ਰੋਕਣ ਦੀ ਕੋਸ਼ਿਸ਼ ਨ ਕਰੋ ਕਿਓਂਕਿ ਭਾਂਵੇ ਤਲਾਸ਼ੀ ਗੈਰ ਕਾਨੂੰਨੀ ਹੈ, ਤੁਹਾਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ । ਅਜਿਹੇ ਮੌਕੇ ਤੇ ਗਵਾਹ ਬਨਾਓਣ ਦੀ ਕੋਸ਼ਿਸ਼ ਕਰੋ ਕਿ ਤੁਸੀਂ ਤਲਾਸ਼ੀ ਲਈ ਸਹਿਮਤੀ ਨਹੀਂ ਦਿਤੀ ਅਤੇ ਤਲਾਸ਼ੀ ਲੈਣ ਵਾਲੇ ਅਫਸਰਾਂ ਦੇ ਨਾਂ ਅਤੇ ਬੈਜ ਬਾਅਦ ਨੋਟ ਕਰੋ । ਬਾਅਦ ਵਿੱਚ ਜੇ ਤਲਾਸ਼ੀ ਗੈਰ ਕਾਨੂੰਨੀ ਸਾਬਤ ਹੁੰਦੀ ਹੈ, ਤਲਾਸ਼ੀ ਵਿਚ ਮਿਲਿਆ ਕੋਈ ਸਬੂਤ ਕ੍ਰਿਮਿਨਲ ਕੇਸ ਵਿਚ ਜਾਇਜ਼ ਨਹੀਂ ਮੰਨਿਆ ਜਾਵੇਗਾ ।

**ਸ: ਜੇਕਰ ਮੈਂ ਪੁਲਿਸ ਨੂੰ ਕੁੱਝ ਦੱਸ ਦੇਵਾਂ ?**
**ਜ:** ਤੁਸੀਂ ਜੋ ਵੀ ਪੁਲਿਸ ਨੂੰ ਦੱਸੋਗੇ ਪੁਲਿਸ ਉਸਦੀ ਵਰਤੋਂ ਤੁਹਾਡੇ ਜਾਂ ਹੋਰਾਂ ਦੇ ਵਿਰੁੱਧ ਕਰ ਸਕਦੀ ਹੈ । ਇਹ ਗਲ ਯਾਦ ਰਖੋ ਕਿ ਸਰਕਾਰ ਨਾਲ ਝੂਠ ਬੋਲਣਾ ਜੁਰਮ ਹੈ ।

**ਸ: ਜੇ ਪੁਲਿਸ ਮੈਨੂ ਸੜਕ ਤੇ ਰੋਕ ਲੈਂਦੀ ਹੈ ?**
**ਜ:** ਤੁਹਾਨੂੰ ਇੱਹ ਪੁਛਣ ਦਾ ਅਧਿਕਾਰ ਹੈ ਕਿ ਕੀ ਤੁਸੀਂ ਜਾਂ ਸਕਦੇ ਹੋ । ਜੇ ਪੁਲਿਸ ਆਖੇ ਕਿ ਤੁਹਾਨੂੰ ਗ੍ਰਿਫਤਾਰ ਨਹੀ ਕੀਤਾ

ਗਿਆ, ਪਰ ਤੁਹਾਨੂੰ ਜਾਣ ਦੀ ਇਜਾਜ਼ਿਤ ਨਹੀਂ, ਤਾਂ ਤੁਹਾਨੂੰ ਡੀਟੇਨ ਕੀਤਾ ਗਿਆ ਹੈ । ਜ਼ਰੂਰੀ ਨਹੀਂ ਕਿ ਤੁਹਾਨੂੰ ਅਰੈਸਟ ਕੀਤਾ ਜਾਵੇ । ਜੇ ਪੁਲਿਸ ਕਿਸੇ ਕਾਰਨ ਸਮਝੇ ਕਿ ਤੁਹਾਡੇ ਕੋਲ ਹਥਿਆਰ ਹੈ ਅਤੇ ਤੁਸੀਂ ਖਤਰਨਾਕ ਹੋ ਸਕਦੇ ਹੋ ਤੇ ਤੁਹਾਡੇ ਕਪੜੇ ਉਪਰੋਂ ਟੋਹ ਕੇ ਵੇਖ ਸਕਦੇ ਹਨ । ਜੇਕਰ ਉਹ ਇਸ ਤੋਂ ਵੱਧ ਤਲਾਸ਼ੀ ਕਰਨ ਤੇ ਤੁਸੀਂ ਸਾਫ ਕਹੋ ਕਿ 'ਮੈਂ ਤਲਾਸ਼ੀ ਦੀ ਸਹਿਮਤੀ ਨਹੀਂ ਦੇ ਰਿਹਾ' । ਜੇ ਫੇਰ ਵੀ ਤਲਾਸ਼ੀ ਜਾਰੀ ਰਹੇ ਤਾਂ ਤੁਹਾਨੂ ਉਨ੍ਹਾਂ ਦੇ ਕਿਸੇ ਸਵਾਲ ਦਾ ਜਵਾਬ ਦੇਣ ਦੀ ਲੋੜ ਨਹੀਂ ਭਾਵੇ ਤੁਸੀਂ ਡੀਟੇਨ ਕੀਤੇ ਗਏ ਹੋ ਜਾਂ ਅਰੈਸਟ ।

**ਸ: ਅਗਰ ਪੁਲਿਸ ਮੈਨੂ ਮੇਰੀ ਕਾਰ ਵਿਚ ਰੋਕਦੀ ਹੈ?**
**ਜ:** ਉਨ੍ਹਾਂ ਦੇ ਕਹਿਣ ਤੇ ਤੁਸੀਂ ਅਪਣਾ ਲਾਇਸੈਂਸ, ਰਿਜਸਟਰੇਸ਼ਨ ਤੇ ਪਰੂਫ-ਆਫ-ਇਨਸ਼ੋਰੈਂਸ ਦਿਖਾਓ। ਤੁਸੀਂ ਅਪਣੀ ਤਲਾਸ਼ੀ ਦੇਣ ਨੂੰ ਇਨਕਾਰ ਕਰ ਸਕਦੇ ਹੋ । ਮੱਗਰ ਪੁਲਿਸ ਤੁਹਾਡੀ ਕਾਰ ਦੀ ਤਲਾਸ਼ੀ ਲੈ ਸਕਦੀ ਹੈ ।

**ਸ: ਅਗਰ ਪੁਲਿਸ ਯਾ ਐਫ ਬੀ ਆਈ ਮੈਨੂ 'ਗਰੈਂਡ ਜ਼ੂਰੀ ਸਬਪੋਏਨਾ' ਦੀ ਧਮਕੀ ਦਿੰਦੀ ਹੈ । ਆਗਰ ਮੈ ਉਨ੍ਹਾਂ ਨੂ ਜਵਾਬ ਨਾ ਦਿਆਂ ?**
**ਜ:** 'ਗਰੈਂਡ ਜਿਊਰੀ ਸਬਪੋਇਨਾ' ਇੱਕ ਲਿੱਖਤੀ ਹੁੱਕਮ ਹੈ ਕਿ ਤੁਸੀਂ 'ਕੋਰਟ ਵਿਚ ਜਾ ਕੇ ਅਪਣੀ ਜਾਣਕਾਰੀ ਦੀ ਪੁਸ਼ਟੀ ਕਰੋ' । ਅਗਰ ਪੁਲਿਸ ਜਾਂ ਐਫ ਬੀ ਆਈ ਤੁਹਾਨੂੰ ਧਮਕੀ ਦੇਂਦੇ ਹਨ ਤਾਂ ਤੁਸੀਂ ਇੱਕ ਦੱਮ ਇਕ ਵਕੀਲ ਨੂੰ ਸੱਦੋ । ਅਗਰ ਤੁਸੀਂ ਵਕੀਲ ਦੇ ਬਿਨਾਂ ਬੋਲੋ ਗੇ ਤਾਂ ਤੁਹਾਨੂੰ ਸਬਪੋਇਨਾ ਤੇ ਮਿੱਲ ਹੀ ਜਾਏਗਾ ਤੇ ਨਾਲ ਹੀ 'ਲਾ ਇਨਫੋਰਸਮੈਂਟ ਏਜੰਟ ਤੁਹਾਨੂ ਬਾਅਦ ਵਿੱਚ ਹੋਰ ਸਵਾਲ ਵੀ ਆਖਣ ਗੇ । ਅਗਰ ਤੁਹਾਨੂੰ ਸਬਪੋਇਨਾ ਦੇ ਸੰਬੰਧ ਵਿਚ ਗਰੈਂਡ ਜਿਊਰੀ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ ਤਾਂ ਤੁਹਾਡਾ ਕਾਨੂੰਨੀ ਹੱਕ ਹੈ ਕਿ ਤੁਸੀਂ ਜਵਾਬ ਦੇਣ ਤੋਂ ਇਨਕਾਰ ਕਰਕੇ ਆਪਣੇਂ ਹੱਕਾਂ ਬਾਰੇ ਪਤਾ ਕਰੋ ।

**ਸ: ਅਗਰ ਮੈਂ ਜਵਾਬ ਨਾਂ ਦੇਣ ਬਾਰੇ ਨਰਵਸ ਹਾਂ, ਏਦਾਂ ਨਹੀਂ ਲੱਗੇਗਾ ਕਿ ਮੈਂ ਮਿਲਵਰਤਨ ਨਹੀਂ ਕਰ ਰਿਹਾ ਜਾਂ ਮੈਂ ਕਿਸੇ ਗੱਲ ਪਿੱਛੇ ਅਪਰਾਧੀ ਹਾਂ, ਜਾਂ ਮੇਰੇ ਪਾਸ ਜਾਣਕਾਰੀ ਹੈ ਪਰ ਮੈ ਦਸ ਨਹੀਂ ਰਿਹਾ?**
**ਜ:** ਤੁਸੀਂ ਆਪਣੇ ਵਕੀਲ ਨਾਲ ਪਹਿਲਾਂ ਗੱਲਬਾਤ ਕਰੋ । ਵਕੀਲ ਕੋਲੋਂ ਸਲਾਹ ਲੈਣ ਦਾ ਇੱਹ ਮਤਲਬ ਨਹੀਂ ਕਿ ਤੁਸੀਂ ਦਸਣਾ ਨਹੀਂ ਚਾਹੁੰਦੇ । ਇਸਦਾ ਇਹ ਮਤਲਬ ਵੀ ਨਹੀਂ ਕਿ ਤੁਹਾਨੂੰ ਕਾਨੂੰਨੀ ਸਲਾਹ ਗੌਰਮੈਂਟ ਏਜੰਟ ਨਾਲ ਗੱਲਬਾਤ ਕਰਨ ਤੋ ਪਹਿਲਾਂ ਹੀ ਮਿਲ ਜਾਏਗੀ । ਤੁਸੀਂ ਵਕੀਲ ਪਹਿਲਾਂ ਤੋ ਹੀ ਨਾ ਕਰੋ । ਮਗਰ ਪੁਲਿਸ ਜਾਂ ਐਫ ਬੀ ਆਈ ਨੂੰ ਮਿਲਣ ਤੋਂ ਬਾਅਦ ਸਲਾਹ ਲੈ ਸਕਦੇ ਹੋ । ਯਾਦ ਰੱਖੋ ਕਿ ਤੁਸੀਂ ਇਨਵੈਸਟੀਗੇਟਰ ਦਾ ਨਾਂ, ਏਜੰਸੀ, ਤੇ ਟੈਲੀਫੋਨ ਨੰਬਰ ਪਤਾ ਕਰ ਲਵੋ ਤੇ ਆਪਣੇ ਵਕੀਲ ਨੂੰ ਦਿਉ ।

**ਸ: ਮੈਨੂੰ ਗਿਰਿਫਤਾਰ ਕਰ ਲਿਆ ਗਿਆ ਹੈ । ਕੀ ਮੈਨੂੰ ਸਵਾਲਾਂ ਦਾ ਜਵਾਬ ਦੇਣਾ ਪਵੇਗਾ?**
**ਜ:** ਨਹੀਂ । ਅਗਰ ਤੁਹਾਨੂ ਗਿਰਿਫਤਾਰ ਕਰ ਲਿਆ ਗਿਆ ਹੈ ਤਾਂ ਤੁਹਾਨੂ ਕੋਈ ਸਟੇਟਮੈਂਟ ਜਾਂ ਸਵਾਲਾਂ ਦਾ ਜਵਾਬ ਦੇਣ ਦੀ ਕੋਈ ਲੋੜ ਨਹੀਂ । ਜੇ ਤੁਸੀਂ ਗਿਰਿਫਤਾਰ ਹੋ ਅਤੇ ਕਿਸੇ ਸਵਾਲ ਦਾ ਜਵਾਬ ਨਹੀਂ ਦੇਣਾ ਚਾਹੰਦੇ, ਤਾਂ ਤੁਹਾਨੂੰ ਝੱਟ ਵਕੀਲ ਲਈ ਕਹਿਣਾ ਚਾਹੀਦਾ ਹੈ । ਤੁਹਾਨੂੰ ਹੱਕ ਹੈ ਕਿ ਵਕੀਲ ਨਾਲ ਗੱਲਬਾਤ ਕੀਤੇ ਬਿਨਾ ਤੁਸੀ ਕਿਸੇ ਸਵਾਲ ਦਾ ਜਵਾਬ ਨਾ ਦਿਓ ।

**ਸ: ਅਗਰ ਮੈਨੂੰ ਨਜ਼ਰ ਵਿੱਚ ਰਖਿਆ ਜਾ ਰਿਹਾ ਹੈ ਅਤੇ ਪੁਲਿਸ ਜਾਂ ਐਫ ਬੀ ਆਈ ਮੇਰਾ ਪਿੱਛਾ ਕਰ ਰਹੀ ਹੈ ?**
**ਜ:** ਹੁਸ਼ਿਆਰ ਰਹਿਣ ਦੀ ਲੋੜ ਹੈ - ਬੇਸ਼ੱਕ ਤਹਾਨੂੰ ਜਿੱਸ ਤੇ ਵੀ ਸ਼ੱਕ ਹੋਵੇ । ਤੁਹਾਡਾ ਹੱਕ ਹੈ ਕਿ ਤੁਸੀਂ ਉੱਸ ਏਜੈਂਟ ਨੂੰ, ਜਿੱਸ ਤੇ ਵੀ ਤੁਹਾਨੂੰ ਸ਼ੱਕ ਹੈ - ਪੁੱਛੋ ਕਿ ਉਹ ਕੀ ਕਰ ਰਹੇ ਹਨ । ਇਹ ਤੁਸੀਂ ਖੁਲ੍ਹੀ ਜਗ੍ਹਾ ਤੇ, ਬਿਨਾ ਕਿਸੇ ਗੁੱਸੇ ਦੇ ਪੁੱਛ ਸਕਦੇ ਹੋ । ਤੁਸੀਂ ਆਪਣੇ ਨਾਲ ਅਪਣਾ ਗਵਾਹ ਵੀ ਰੱਖ ਸਕਦੇ ਹੋ । ਅਗਰ ਉਹ ਬੰਦਾ ਜਿਸ ਤੇ ਤੁਹਾਨੂੰ ਸ਼ੱਕ ਹੈ, ਜਵਾਬ ਨਾ ਵੀ ਦੇਵੇ - ਤਾਂ ਵੀ ਉਸਨੂੰ ਤਾਂ ਇਹ ਪਤਾ ਲੱਗ ਜਾਵੇਗਾ ਕਿ ਤੁਹਾਨੂੰ ਪਤਾ ਹੈ ਕਿ ਤਹਾਡੇ ਤੇ ਨਜ਼ਰ ਰੱਖੀ ਜਾ ਰਹੀ ਹੈ । ਇੱਹ ਨਾਜਾਇਜ਼ ਨਹੀਂ ਕਿ ਲਾ ਇਨਫੋਰਸਮੈਂਟ ਵਾਲੇ ਪੱਬਲਿਕ ਜਗ੍ਹਾ ਤੇ ਲੋਕਾਂ ਤੇ ਨਜ਼ਰ ਰੱਖਦੇ ਹਨ । ਅਗਰ ਤੁਹਾਨੂੰ ਇੱਹ ਖਿਆਲ ਹੋਵੇ ਕਿ ਤੁਹਾਡਾ ਪਿੱਛਾ ਕੀਤਾ ਜਾ ਰਿਹਾ ਹੈ ਜਾਂ ਤੁਹਾਨੂੰ ਹੈਰੈਸ ਕੀਤਾ ਜਾ ਰਿਹਾ ਹੈ ਤਾਂ ਤੁਸੀਂ ਆਪਣੇ ਵਕੀਲ ਨਾਲ ਸਲਾਹ ਕਰ ਸਕਦੇ ਹੋ ।

**ਸ: ਕੀ ਜੇ ਪੁਲਿਸ ਜਾਂ ਐਫ ਬੀ ਆਈ ਵਾਲੇ ਮੇਰੇ ਨਾਲ ਬੁਰਾ ਵਰਤਾਓ ਕਰਦੇ ਹਨ ?**
**ਜ:** ਆਫੀਸਰ ਦਾ ਬੈਜ ਨੰਬਰ, ਨਾਮ ਤੇ ਹੋਰ ਨਿਸ਼ਾਨੀਆਂ ਨੂੰ ਯਾਦ ਕਰ ਲਵੋ । ਤੁਹਾਡਾ ਹੱਕ ਬਣਦਾ ਹੈ ਕਿ ਇੱਹ ਜਾਣਕਾਰੀ ਤੁਸੀਂ ਆਫੀਸਰ ਕੋਲੋਂ ਲੈ ਵੀ ਸਕਦੇ ਹੋ । ਜਿੱਤਨੀਂ ਜਲਦੀ ਹੋ ਸਕੇ ਇਹ ਜਾਣਕਾਰੀ ਲਿੱਖ ਵੀ ਲਵੋ । ਗਵਾਹ ਦੇ ਨਾਮ ਤੇ ਫੋਨ ਨੰਬਰ ਇਕੱਠੇ ਕਰਨ ਦੀ ਕੋਸ਼ਿਸ਼ ਕਰੋ । ਜੇ ਤੁਹਾਨੂੰ ਕੋਈ ਸੱਟਾਂ ਲੱਗੀਆਂ ਤਾਂ ਜਲਦੀ ਤੋਂ ਜਲਦੀ ਫੋਟੋ ਲਵੋ ਤੇ ਵਕੀਲ ਨੂੰ ਬੁਲਾਓ ।

## 3. ਕੀ ਅਗਰ ਮੈਂ ਸਿਟੀਜ਼ਨ ਨਹੀਂ ਤੇ ਆਈ.ਐਨ.ਐਸ ਮੈਨੂੰ ਕਾਨਟੈਕਟ ਕਰੇ ?

**ਆਪਣੇ ਹੱਕਾਂ ਤੇ ਜ਼ੋਰ ਪਾਓ ।** ਅਗਰ ਤੁਸੀਂ ਅਪਣੇ ਹੱਕਾਂ ਦੀ ਰਾਖੀ ਨਹੀਂ ਕਰੋਗੇ ਤੇ ਕਾਗਜ਼ਾਂ ਤੇ ਦਸਤਖਤ ਕਰ ਦੇਵੋਗੇ ਤਾਂ ਉੱਸ ਤੋਂ ਪਹਿਲਾਂ ਕਿ ਤੁਸੀਂ ਅਪਣੇ ਵਕੀਲ ਜਾਂ ਇਮੀਗਰੇਸ਼ਨ ਜੱਜ ਨੂੰ ਮਿਲੋ - ਤੁਹਾਨੂੰ ਡਿਪੋਰਟ ਕਰ ਦੇਣਗੇ ।

**ਆਪਣੇ ਹੱਕ ਜਾਨਣ ਵਾਸਤੇ ਆਪਣੇ ਵਕੀਲ ਨਾਲ ਗੱਲ ਕਰੋ ।** ਹਰ ਵੇਲੇ ਆਪਣੇ ਕੋਲ ਕਿਸੇ ਵਕੀਲ ਦਾ ਨਾਮ ਤੇ ਟੈਲੀਫੋਨ ਨੰਬਰ ਰੱਖੋ ਤਾਂ ਜੋ ਲੋੜ ਪੈਣ ਤੇ ਉਹ ਤੁਹਾਡੀ ਕਾਲ ਲੈ ਸਕੇ । ਇਮੀਗਰੇਸ਼ਨ ਲਾਅ ਸਮਝਣੇ ਮੁਸ਼ਕਿਲ ਹਨ । 11 ਸਤੰਬਰ ਦੇ ਵਾਪਰੇ ਹਾਲਾਤ ਕਾਰਣ ਉਨ੍ਹਾਂ ਵਿੱਚ ਤਬਦੀਲੀਆਂ ਆ ਰਹੀਆਂ ਹਨ । ਹਕੂਮਤ ਨਵੇਂ ਕਾਨੂੰਨਾਂ ਬਾਰੇ ਸੋਚ ਰਹੀ ਹੈ । ਜਿਨ੍ਹਾਂ ਨਾਲ ਨਾਨ-ਸਿਟੀਜ਼ਨਾਂ ਤੇ ਟੈਰਿਸਟ ਹੋਣ ਦੇ ਸ਼ੱਕ ਤੇ ਫੜ੍ਹ ਕੇ ਜੇਲ੍ਹ ਭੇਜਣ ਦੀ ਖੁੱਲ੍ਹ ਹੋ ਸਕਦੀ ਹੈ ।

ਅੱਜ ਦੇ ਕਾਨੂੰਨਾਂ ਦੇ ਮੁਤਾਬਿਕ ਨਾਨ-ਸਿਟੀਜ਼ਨ ਦੇ ਹੱਕ ਅਗੇ ਦੱਸੇ ਜਾਂਣੇ ਨੇ - ਜੋ ਵੀ ਤੁਹਾਡਾ ਇਮੀਗਰੇਸ਼ਨ ਸਟੇਟੱਸ ਹੋਵੇ, ਇੱਹ ਮਾਲੂਮਾਤ ਬਦਲ ਵੀ ਸਕਦੀ ਹੈ ।

**ਜ਼ਰੂਰੀ ਨੋਟ:** *ਹੇਠ ਲਿੱਖੀ ਜਾਣਕਾਰੀ ਯੂ ਐਸ ਦੇ ਅੰਦਰ ਮੌਜੂਦ ਨਾਨ ਸਿਟੀਜ਼ਨ ਲੋਕਾਂ ਤੇ ਲਾਗੂ ਹੈ । ਜੋ ਬਾਹਰਲੇ ਦੇਸ਼ਾਂ ਤੋਂ ਸੜਕ ਰਾਹੀਂ ਜਾਂ ਹਵਾਈ ਰਸਤੇ ਅਮਰੀਕਾ ਵਿਚ ਦਾਖਲ ਹੁੰਦੇ ਹਨ, ਓਨ੍ਹਾ ਤੇ ਕੁੱਝ ਵਧੇਰੇ ਪਾਬੰਦੀਆਂ ਹਨ ਅਤੇ ਉਨ੍ਹਾਂ ਦੇ ਹੱਕ ਅੰਦਰ ਵਾਲਿਆਂ ਦੇ ਬਰਾਬਰ ਨਹੀਂ ਹਨ ।*

**ਸ: ਕੀ ਮੈਨੂੰ ਹੱਕ ਹੈ ਕਿ ਮੈਂ ਆਈ. ਐਨ. ਐਸ ਨਾਲ ਗਲਬਾਤ ਕਰਨ ਜਾਂ ਕੋਈ ਕਾਗਜ਼ ਸਾਈਨ ਕਰਨ ਤੋ ਪਹਿਲਾਂ ਕਿਸੇ ਵਕੀਲ ਨਾਲ ਗਲਬਾਤ ਕਰਾਂ?**
**ਜ:** ਆਮ ਤੌਰ ਤੇ, ਹਾਂ । ਤੁਹਾਨੂੰ ਹੱਕ ਹੈ ਕਿ ਅਗਰ ਤੁਹਾਨੂੰ ਡੀਟੇਨ ਕੀਤਾ ਗਿਆ ਹੈ ਤਾਂ ਤੁਸੀ ਕਿਸੇ ਵਕੀਲ ਜਾਂ ਆਪਣੀ ਫੈਮਲੀ ਨੂ ਬੁਲਾ ਸਕਦੇ ਹੋ । ਤੁਹਾਡਾ ਹੱਕ ਹੈ ਕਿ ਤੁਹਾਡਾ ਵਕੀਲ ਤੁਹਾਡੇ ਕੋਲ ਹੋਵੇ ਜਦ ਤੁਸੀਂ ਇਮੀਗਰੇਸ਼ਨ ਜੱਜ ਕੋਲ ਸੁਣਵਾਈ ਵਾਸਤੇ ਜਾਂਦੇ ਹੋ । ਤੁਹਾਨੂੰ ਸਰਕਾਰੀ ਵਕੀਲ ਦੀ ਮਦਦ ਦਾ ਹੱਕ ਨਹੀਂ । ਤੁਸੀ ਆਪਣਾ ਵਕੀਲ ਜਾਂ ਕੋਈ ਹੋਰ ਜੋ ਤੁਹਾਡਾ ਕੇਸ ਮੁਫਤ ਵਿੱਚ ਲੱੜ ਸਕੇ ਕਰ ਸਕਦੇ ਹੋ । ਅਗਰ ਤੁਹਾਨੂੰ ਵਕੀਲ ਲੱਭਣ ਵਿੱਚ ਮੁਸ਼ਕਿਲ ਹੈ ਤੇ ਹੇਠ ਲਿਖੇ ਨੰਬਰਾਂ ਤੇ ਕਾਨਟੈਕਟ ਕਰੋ ।

**ਸ: ਕੀ ਮੈਂ ਆਪਣਾ ਇਮੀਗਰੇਸ਼ਨ ਸਟੇਟੱਸ ਆਈ. ਐਨ. ਐਸ. ਨੂੰ ਦੇ ਸਕਦਾਂ ਹਾਂ ।**
**ਜ:** ਨਹੀਂ । ਤੁਸੀਂ ਆਪਣਾਂ ਇਮੀਗਰੇਸ਼ਨ ਸਟੇਟੱਸ ਦੱਸ ਸਕਦੇ ਹੋ ਜੇ ਤੁਸੀਂ ਚਾਹੋ । ਮਗਰ ਠੀਕ ਹੋਵੇਗਾ ਅਗਰ ਤੁਸੀ ਅਪਣੇ ਵਕੀਲ ਨਾਲ ਗਲ ਕਰੋ । ਅਗਰ ਆਈ. ਐਨ. ਐਸ. ਤੁਹਾਨੂੰ ਆਪਣੇ ਪੋਲੀਟੀਕੱਲ ਬੀਲੀਫਸ ਤੁਹਾਡੇ ਗਰੁਪਾਂ ਹਾਲਾਂ ਜੋ ਪਹਿਲਾਂ ਦਸ ਸਕੇ ਹੋ, ਤੁਸੀਂ ਕਿਥੇ ਸਫਰ ਕੀਤਾ ਹੈ ਜਾਂ ਹੋਰ ਸਵਾਲ ਜੋ ਤੁਹਾਨੂੰ ਠੀਕ ਨਹੀਂ ਲਗਦੇ, ਤਾਂ ਤੁਹਾਨੂੰ ਜਵਾਬ ਦੇਣ ਦੀ ਕੋਈ ਜ਼ਰੂਰਤ ਨਹੀ।

**ਸ: ਕੀ ਮੈਂ ਆਪਣਾ ਗਰੀਨ ਕਾਰਡ ਤੇ ਹੋਰ ਇਮੀਗਰੇਸ਼ਨ ਪੇਪਰਜ਼ ਹਰ ਵੇਲੇ ਅਪਣੇ ਕੋਲ ਰਖਾਂ?**
**ਜ:** ਹਾਂ । ਕਾਨੂੰਨ ਦੇ ਮੁਤਾਬਿਕ ਤੁਸੀਂ ਕਈ ਤਰਾਂ ਦੇ ਇਮੀਗਰੇਸ਼ਨ ਪੇਪਰਜ਼ ਹਰ ਵੇਲੇ ਆਪਣੇ ਕੋਲ ਰੱਖੋ । ਇਨ੍ਹਾਂ ਵਿੱਚ ਗਰੀਨ ਕਾਰਡ, I- 94, ਐਮਪਲਾਇਮੈਂਟ ਅਥੋਰਾਈਜ਼ੇਸ਼ਨ ਕਾਰਡ ਬਾਰਡਰ ਕਰੋਸਿੰਗ ਕਾਰਡ ਤੇ ਹੋਰ ਆਈ. ਐਨ. ਐਸ. ਪੇਪਰਜ਼ ਜੇਹੜੇ ਕਿ ਇੱਹ ਸਾਬਤ ਕਰਦੇ ਨੇ ਕਿ ਤੁਸੀਂ ਆਈ. ਐਨ. ਐਸ. ਕੋਲ ਰਿਜਿਸਟਰਡ ਹੋ । ਅਗਰ ਤੁਹਾਡੇ ਕੋਲ ਇਹ ਸਾਰੇ ਪੇਪਰ ਨਹੀਂ - ਤਾਂ ਤੁਹਾਡੇ ਤੇ ਮਿਡੇਮੇਨਰ ਕਰਾਈਮ ਦਾ ਚਾਰਜ ਲੱਗ ਸਕਦਾ ਹੈ ।

**ਸ: ਅਗਰ ਆਈ. ਐਨ. ਐਸ. ਮੈਨੂੰ ਕੈਦ ਕਰ ਲੈਂਦੀ ਹੈ, ਕੀ ਉਨ੍ਹਾਂ ਨੂੰ ਇਮੀਗਰੇਸ਼ਨ ਚਾਰਜਿਜ਼ ਲਾਣੇ ਪੈਂਦੇ ਹਨ?**
**ਜ:** ਹਾਂ । ਆਈ. ਐਨ. ਐਸ. ਕਾਨੂੰਨ ਦੇ ਮੁਤਾਬਕ, ਉਨ੍ਹਾਂ ਨੂੰ 48 ਘੰਟੇ ਵਿੱਚ ਫੈਸਲਾ ਕਰਨਾ ਹੁੰਦਾ ਹੈ ਕਿ ਤੁਹਾਨੂੰ ਇਮੀਗਰੇਸ਼ਨ ਪਰੋਸੀਡੀਂਗਜ਼ ਵਿੱਚ ਰਖਿਆ ਜਾਵੇ, ਕਸਟੋਡੀ ਵਿੱਚ ਰੱਖਿਆ ਜਾਵੇ ਜਾਂ ਬਾਂਡ ਛੋੜ ਦਿੱਤਾ ਜਾਵੇ ।

ਇੱਕ ਨਵੇਂ ਕਾਨੂੰਨ ਦੇ ਮੁਤਾਬਕ, ਆਈ. ਐਨ. ਐਸ. ਕੋਲ 'ਐਡੀਸ਼ਨਲ ਰੀਜ਼ਨੇਬਲ ਪੀਰੀਅਡ ਆਫ ਟਾਈਮ' 48 ਘੰਟੇ ਤੋਂ ਜਿਆਦਾ ਵੀ ਹੈ, ਅਗਰ 'ਐਨ ਐਮਰਜੈਂਸੀ ਹੋਰ ਖਾਸ ਹਲਾਤਂ ਹੋਵੇ ਤਾਂ ਓਹ ਇਹ ਫੈਸਲਾ ਕਰਨ ਗੇ ਕਿ ਤੁਹਾਨੂੰ ਕਸਟਡੀ ਵਿੱਚ ਰੱਖਣਾਂ ਹੈ ਕਿ ਨਹੀਂ । ਸਰਕਾਰ ਇੱਕ ਹੋਰ ਕਾਨੂੰਨ ਬਣਾ ਰਹੀ ਹੈ ਜਿਸ ਦੇ ਅੰਦਰ ਆਈ. ਐਨ. ਐਸ. ਸੱਤ ਦਿੱਨ ਤੱਕ

ਡੀਟੇਣ ਕਰ ਸਕਦੀ ਹੈ, ਅਗਰ ਅਟਰਨੀ ਜਨਰਲ ਤਸਦੀਕ ਕਰੇ ਕਿ ਨੱਨ ਸਿਟੀਜ਼ਨ ਟੈਰਿਸਟ ਹੋ ਸਕਦਾ ਹੈ ਜਾਂ ਕੌਮ ਦੀ ਰੱਖਿਆ ਨੂੰ ਖ਼ਤਰਾ ਬਣ ਸਕਦਾ ਹੈ ।

**ਸ: ਕੀ ਮੈਨੂੰ ਬੌਂਡ ਹਿਰਿੰਗ ਹੱਕ ਹੈ ਰੀਲੀਜ਼ ਵਾਸਤੇ?**
**ਜ:** ਬਹੁਤ ਸਾਰੇ ਕੇਸਾਂ ਵਿਚ ਤੁਹਾਨੂੰ ਹੱਕ ਹੈ ਕਿ ਬੌਂਡ ਦੇ ਕੇ ਰਿਹਾਈ ਪਾ ਸਕੋ ਤੇ ਬੌਂਡ ਹਿਰਿੰਗ ਵਾਸਤੇ ਮੰਗ ਕਰ ਸਕੋ । ਤੁਹਾਡਾ ਇਹ ਹੱਕ ਹੈ ਅਗਰ ਤੁਹਾਨੂੰ INS ਨੇ ਚਾਰਜ ਨਹੀਂ ਕੀਤਾ । ਕਾਨੂੰਨ ਇਹ ਨਹੀਂ ਦਸਦਾ ਕਿ Immigration Judge ਕੇਸ ਕਦੋਂ ਸੁਣੇਗਾ । ਜੱਜ ਤੁਹਾਨੂੰ detention ਵਿੱਚ ਰੱਖ ਸਕਦਾ ਹੈ ਅਗੱਰ ਉਨ੍ਹਾਂ ਦੇ ਖਿਆਲ ਵਿਚ ਬਾਹਰ ਆਉਣਾ danger to society ਹੈ ਯਾ ਤੁਸੀਂ ਇਥੋਂ ਨਿਕਲ ਜਾਓ ਗੇ । ਕਈ ਕੇਸਾਂ ਵਿਚ ਕਾਨੂੰਨ ਦੇ ਮੁਤਾਬਕ ਤੁਹਾਨੂੰ ਨਹੀਂ ਛੱਡਿਆ ਜਾਵੇ ਗਾ ਅਗਰ ਤੁਹਾਨੂੰ terrorism ਦੇ ਕੇਸ ਵਿਚ ਡੀਟੇਨ ਕੀਤਾ ਹੈ ਜਾਂ ਕੋਈ criminal connection ਹੋਣ ।

**ਸ: ਕੀ ਮੈਨੂੰ Immigration Judge ਸਾਹਮਣੇ deportation charges ਵਾਸਤੇ hearing ਦਾ ਹੱਕ ਹੈ?**
**ਜ:** ਹਾਂ । ਬਹੁਤ ਸਾਰੇ ਕੇਸਾਂ ਵਿਚ Immigration Judge, deport ਕਰਨ ਦਾ ਫੈਸਲਾ ਸੁਣ ਸਕਦਾ ਹੈ। ਅਗਰ ਤੁਸੀਂ ਆਪਣਾ 'right' ਛੱਡ ਕੇ voluntary departure ਵਾਸਤੇ ਮੰਨ ਜਾਓ , ਤੁਸੀਂ Hearing ਦੇ ਬਿਨਾ ਡਿਪੋਰਟ ਕੀਤੇ ਜਾ ਸਕਦੇ ਹੋ । ਅਗਰ ਤੁਹਾਡੇ ਖਿਲਾਫ criminal convictions ਹਨ , ਤੁਹਾਨੂੰ ਬਾਰਡਰ ਤੇ ਗਿਰਫਤਾਰ ਕੀਤਾ ਗਿਆ, ਜਾਂ ਤੁਹਾਨੂੰ ਪਹਿਲਾਂ ਜਾਂ ਡਿਪੋਰਟ ਕੀਤਾ ਜਾ ਚੁੱਕਾ ਹੈ, ਤੱਦ ਤੁਹਾਨੂੰ hearing ਦੇ ਬਿਨਾਂ ਡਿਪੋਰਟ ਕੀਤਾ ਜਾ ਸਕਦਾ ਹੈ ।

**ਸ: ਕੀ ਮੈ ਅਪਣੇ ਕੋਨਸਲੇਟ ਨੂੰ ਬੁਲਾ ਸਕਦਾ ਹਾਂ ?**
**ਜ:** ਹਾਂ - ਗੈਰ ਮੁਲਕੀ, US ਵਿੱਚ arrest ਤੋ ਬਾਅਦ ਅਪਣੇ ਕਾਨਸਲੇਟ ਨੂੰ ਬੁਲਾ ਸਕਦੇ ਨੇ ਜਾਂ ਪੁਲਿਸ ਨੂੰ ਕਹਿ ਸਕਦੇ ਨੇ ਕਿ ਉਨ੍ਹਾਂ ਦੇ Consulate ਨੂੰ ਦੱਸਿਆ ਜਾਵੇ । ਪੁਲਿਸ ਤੁਹਾਡੀ Consulate ਨੂੰ ਤੁਹਾਨੂੰ ਮਿਲਾਨ ਜਾਂ ਗਲਬਾਤ ਕਰਵਾਉਣ ਦੀ ਜ਼ਿਮੇਦਾਰ ਹੈ । ਤੁਹਾਡੀ Consulate ਤੁਹਾਡੇ ਵਾਸਤੇ ਵਕੀਲ ਕਰਨ ਦੀ ਮਦਦ ਜਾਂ ਹੋਰ ਕੋਈ ਮਦਦ ਕਰ ਸਕਦੀ ਹੈ । ਤੁਸੀਂ ਅਪਣੀ Consulate ਦੀ ਮਦੱਦ ਨੂੰ ਨਾਂ ਵੀ ਕਰ ਸਕਦੇ ਹੋ ।

**ਸ: ਕੀ ਮੈ ਅਪਣਾ 'ਅਪੀਲ ਦਾ ਹੱਕ' ਛੱਡ ਸਕਦਾ ਹਾਂ ਜਾਂ ਅਪੀਲ ਤੋ ਪਹਿਲਾਂ US ਤੋ ਜਾਂ ਸਕਦਾ ਹਾਂ?**
**ਜ:** ਤੁਸੀ ਅਪਣਾ 'ਈਮੀਗਰੇਸ਼ਨ ਸਟੇਟਸ ਦੇ ਪੇਪਰ ਕਰਨ ਦਾ ਹੱਕ' ਗਵਾ ਲਓ ਗੇ ਤੇ ਹਮੇਸ਼ਾ ਵਾਸਤੇ US ਆਓਣ ਦਾ ਮੋਕਾ ਹਥੋ ਗਵਾ ਦਿਓ ਗੇ । ਕਾਨੂਨ ਦੇ ਮੁਤਾਬਕ US ਤੋ ਜਾਣਾ, non-citizen ਵਾਸਤੇ ਕਨੂੰਨੀ ਮਸਲਾ ਪੈਦਾ ਕਰ ਸਕਦਾ ਹੈ । ਤੁਸੀ Immigration Attorney ਨਾਲ ਗਲਬਾਤ ਕਰਕੇ ਹੀ ਕੋਈ ਫੈਸਲਾ ਕਰੋ ।

**ਸ: ਅਗਰ ਮੈਂ INS ਨਾਲ ਗੱਲਬਾਤ ਕਰਨਾਂ ਚਾਹਾਂ ਤਾਂ ਕੀ ਕਰਾਂ?**
**ਜ:** ਹਮੇਸ਼ਾ ਕਿਸੇ ਵਕੀਲ ਦੀ ਮਦਦ ਲਵੋ । INS ਵਾਲੇ ਵੀ ਆਮ ਤੋਰ ਤੇ ਗੱਲਬਾਤ ਕਰਨਾ ਨਹੀਂ ਚਾਹੁੰਦੇ ।

**ਸ਼ਪੈਸ਼ਲ ਨੋਟ :** *ਜਿਹੜੇ ਸਿਟੀਜ਼ਨ ਨਹੀਂ ਹਨ ਅਤੇ ਘਰੇਲੂ ਝਗੜਿਆਂ ਦੇ ਸ਼ਿਕਾਰ ਨੇ , ਕਿਸੇ ਵਕੀਲ ਦੀ ਮਦਦ ਲੈਣ ਜੋਕਿ ਇਮੀਗਰੇਸ਼ਨ ਲਾਅ ਅਤੇ ਘਰੇਲੂ ਝਗੜਿਆਂ ਸਬੰਧੀ ਜਾਣੂ ਹਨ ।*

## 4. ਹਵਾਈ ਅੱਡੇ ਤੇ ਮੇਰੇ ਕੀ ਹੱਕ ਹਨ ।

**ਜਰੂਰੀ ਨੋਟ :** *ਤੁਹਾਡੇ 'ਕੌਮਿਅਤ, ਧਾਰਮਿਕ ਅਤੇ ਲਿੰਗ' ਦੇ ਅਧਾਰ ਤੇ ਰੋਕਣਾ, ਐਕਸਰੇ, ਤਲਾਸ਼ੀ, ਰੋਕਣਾ ਜਾਂ ਕੱਢ ਦੇਣਾ ਗੈਰ ਕਾਨੂੰਨੀ ਹਨ ।*

**ਸ: ਅਗਰ ਮੈ ਠੀਕ ਸਫਰ ਦੇ ਕਾਗਜਾਂ ਨਾਲ US ਵਿੱਚ ਦਾਖਲ ਹੋ ਰਿਹਾ ਹਾਂ ਤਾਂ ਕੀ ਮੈਨੂੰ ਰੋਕ ਕੇ ਕਸਟਮ ਏਜੰਟ ਵਲੋਂ ਤਲਾਸ਼ੀ ਲਈ ਜਾ ਸਕਦੀ ਹੈ?**
**ਜ:** ਹਾਂ । ਕਸਟਮ ਏਜੰਟ ਕਿਸੇ ਹਥਿਆਰ ਵਾਸਤੇ ਤਲਾਸ਼ੀ ਲੈ ਸਕਦਾ ਹੈ । ਉਨ੍ਹਾਂ ਨੂੰ ਕਿਸੇ ਨੂੰ ਰੋਕਣ ਤੇ ਤਲਾਸ਼ੀ ਲੈਣ ਦਾ ਹੱਕ ਹੈ । ਠੀਕ ਡਾਕੂਮੈਂਟਸ ਤੁਹਾਨੂ ਸਵਾਲ ਜਵਾਬ- ਤਲਾਸ਼ੀ ਅਤੇ ਡੀਟੈਂਨਸ਼ਨ ਤੋ ਨਹੀਂ ਰੋਕ ਸਕਦੇ - ਉਹ ਤੁਹਾਡੀ ਮਦਦ ਕਰ ਸਕਦੇ ਹਨ ।

**ਸ: ਕੀ ਡੀਟੈਂਨਸ਼ਨ ਦੀ ਤਲਾਸ਼ੀ ਤੋਂ ਬਾਦ ਮੇਰੀ ਤੇ ਮੇਰੇ ਸਾਮਾਨ ਦੀ ਫਿਰ ਤਲਾਸ਼ੀ ਲਈ ਜਾ ਸਕਦੀ ਹੈ ?**
**ਜ:** ਤੁਸੀਂ ਟਿਕਟ ਖਰੀਦਣ ਵੇਲੇ ਆਪਣੇ ਸਾਮਾਨ ਦੀ ਤਲਾਸ਼ੀ ਨੂੰ ਰਾਜ਼ੀ ਹੋ ਜਾਂਦੇ ਹੋ । ਅਗਰ ਡੀਟੈਕਟਰਜ਼ ਕੁੱਝ ਨਹੀ ਦਸਦੇ ਤਾਂ ਉਨ੍ਹਾਂ ਨੂੰ ਹੋਰ ਤਲਾਸ਼ੀ ਦਾ ਕੋਈ ਹੱਕ ਨਹੀ । ਅਗਰ ਸਕੈਨਰਜ਼ ਕੁੱਝ ਦਸਦੇ ਹਨ ਤਾਂ ਤੁਹਾਡੀ ਹੋਰ ਤਲਾਸ਼ੀ ਹੋ ਸਕਦੀ ਹੈ । ਕੋਰਟਸ ਇੱਸ ਵਿਸ਼ੇ ਤੇ ਅਜੇ ਫੈਸਲਾ ਨਹੀਂ ਦੇ ਸਕੇ ਕਿ ਅਗਰ ਤੁਸੀ ਹੋਰ ਤਲਾਸ਼ੀ ਤੋਂ ਇਨਕਾਰ ਕਰਕੇ ਵਾਪਸ ਆ ਸਕਦੇ ਹੋ ।

**ਸ: ਅਗਰ ਮੈਂ ਕਿਸੇ ਹਵਾਈ ਜਹਾਜ ਵਿੱਚ ਸਫ਼ਰ ਕਰ ਰਿਹਾ ਹਾਂ ਤਾਂ ਕੀ ਕੋਈ ਵੇਅਰਲਾਈਨ ਦਾ ਕਰਮਚਾਰੀ ਮੇਰੀ ਪੁੱਛ ਗਿੱਛ ਕਰ ਸਕਦਾ ਹੈ ?**
**ਜ:** ਹਵਾਈਜਹਾਜ਼ ਦੇ ਪਾਇਲਟ ਨੂੰ ਪੂਰਾ ਹੱਕ ਹੈ ਕਿ ਓਹ ਕਿਸੇ ਵੀ ਮੁਸਾਫਰ ਜਿੱਸ ਤੋਂ ਓਸ ਨੂੰ ਸੇਫਟੀ ਆਫ਼ ਫਲਾਈਟ ਦਾ ਖੱਤਰਾ ਹੋਵੇ, ਉਤਰਨ ਨੂੰ ਕਹਿ ਸਕਦਾ ਹੈ । ਪਾਇਲਟ ਦਾ ਇਹ ਫੈਸਲਾ ਠੀਕ ਤੇ ਖਾਸ ਵਜ੍ਹਾ ਦੇ ਬਾਅਦ ਹੋਣਾ ਚਾਹੀਦਾ ਹੈ ।

## ਸੰਪਰਕ ਸੂਚਨਾ

**ਅਮਰੀਕਨ ਸਿਵਿਲ ਲਿਬਰਟੀਜ਼ ਯੂਨੀਅਨ (ਏ ਸੀ ਐਲ ਯੂ) :** (212) 549-2500

**ਪੱਖਪਾਤ ਵਿਰੋਧੀ ਅਮਰੀਕੀ ਅਰਬ ਕਮੇਟੀ (ਏ ਡੀ ਸੀ) :** (202) 244-2990

**ਏਸ਼ਿਆਈ ਅਮਰੀਕੀ ਕਾਨੂੰਨੀ ਸੁਰੱਖਿਆ ਅਤੇ ਸਿਖਿਆ ਫੰਡ (ਏ ਏ ਐਲ ਡੀ ਈ ਐਫ) :** (212) 966-5932

**ਨੈਸ਼ਨਲ ਲੱਾਇਰਜ਼ ਗਿਲਡ - ਪੋਸਟ 9/11 - ਪ੍ਰੱਜੈਕਟ :** (212) 505-9119
**ਰਾਸ਼ਟਰੀ ਪ੍ਰਵਾਸ ਪ੍ਰੱਜੈਕਟ :** (617) 227-9727

**ਸਿਵਿਲ ਹੱਕਾਂ ਬਾਰੇ ਅਮਰੀਕੀ ਕਮਿਸ਼ਨ (ਯੂ ਸੀ ਸੀ ਆਰ) :** (800) 552-6843

**ਨਸਲੀ ਪੱਖਪਾਤ** ਉਹ ਹੈ, ਜਦ ਪੁਲਿਸ, ਐਫ਼ ਬੀ ਆਈ ਜਾਂ ਕਾਨੂੰਨ ਲਾਗੂ ਕਰਨ ਵਾਲੀਆਂ ਹੋਰ ਏਜੰਸੀਆਂ, ਤੁਹਾਡੀ ਜਾਤੀ, ਨਸਲ ਜਾਂ ਧਰਮ ਦੇ ਅਧਾਰ 'ਤੇ ਤੁਹਾਨੂੰ ਰੋਕਦੀਆਂ, ਸੁਆਲ ਕਰਦੀਆਂ, ਤਲਾਸ਼ੀ ਲੈਂਦੀਆਂ ਜਾਂ ਜਾਂਚ ਕਰਦੀਆਂ ਹਨ। ਜੇਕਰ ਤੁਹਾਡਾ ਮੰਨਣਾ ਹੈ ਕਿ ਤੁਸੀਂ **ਨਸਲੀ ਪੱਖਪਾਤ** ਦੇ ਸ਼ਿਕਾਰ ਹੋ ਤਾਂ ਸ਼ਿਕਾਇਤ ਫ਼ਾਰਮ ਪ੍ਰਾਪਤ ਕਰਨ ਲਈ ਫ਼ਰੀ ਹਾੱਟਲਾਈਨ **1-877-6 ਪ੍ਰੋਫ਼ਾਈਲ** 'ਤੇ ਏ ਸੀ ਐਲ ਯੂ ਨਾਲ ਸੰਪਰਕ ਕਰੋ।